# ਗਿਆਰਵੀਂ (XI)/ ਬਾਰਵੀਂ (XII) ਸ਼੍ਰੇਣੀ ਵਿੱਚ ਵਿਦਿਆਰਥੀਆਂ ਦੀ ਰਜਿਸਟਰੇਸ਼ਨ/ਕੰਟੀਨਿਊਏਸ਼ਨ ਰਿਟਰਨਾਂ ਆਨ ਲਾਈਨ ਭਰਨ ਸੰਬੰਧੀ ਹਦਾਇਤਾਂ।

**ਰਜਿਸਟਰੇਸ਼ਨ/ਕੰਟੀਨਿਊਏਸ਼ਨ ਸਬੰਧੀ ਹਦਾਇਤਾਂ/ ਸਹਾਇਤਾ/ ਫੀਸਾਂ ਦਾ ਸ਼ਡਿਊਲ ਆਦਿ ਬੋਰਡ ਦੀ ਵੈਬ ਸਾਈਟ www.pseb.ac.in Under Registration Section ਤੇ ਉਪਲੱਬਧ ਹਨ। ਬੋਰਡ ਵੱਲੋਂ ਕੋਈ ਵੀ ਰਜਿਸਟਰੇਸ਼ਨ /ਕੰਟੀਨਿਊਏਸ਼ਨ ਫਾਰਮ ਵੱਖਰੇ ਤੌਰ ਤੇ ਨਹੀਂ ਭੇਜਿਆ ਜਾਵੇਗਾ। ਸਿਰਫ ਆਨਲਾਈਨ ਭਰੇ ਹੋਏ ਫਾਰਮ ਹੀ ਮੰਨਣਯੋਗ ਹੋਣਗੇ।**

## ਰਿਟਰਨ ਫਾਰਮ ਭਰਨ ਤੋਂ ਪਹਿਲਾਂ ਨਿਮਨਲਿਖਤ ਹਦਾਇਤਾਂ ਨੂੰ ਧਿਆਨ ਨਾਲ ਪੜ੍ਹਿਆ ਜਾਵੇ : :-

1. ਆਨ ਲਾਈਨ ਫਾਰਮ ਨੰ: ਈ-1, ਜਿਨ੍ਹਾਂ ਵਿਦਿਆਰਥੀਆਂ ਦੀ ਅੱਠਵੀਂ (VIII)/ਦਸਵੀਂ (X) ਸ਼੍ਰੇਣੀ ਵਿੱਚ ਰਜਿਸਟਰੇਸ਼ਨ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕੀਤੀ ਗਈ ਹੈ, ਉਨ੍ਹਾਂ ਵਿਦਿਆਰਥੀਆਂ ਦੇ ਵੇਰਵੇ ਆਨ ਲਾਈਨ ਫਾਰਮ ਈ-1 ਗਿਆਰ੍ਹਵੀਂ (XI) ਸ਼੍ਰੇਣੀ ਵਿੱਚ ਭਰੇ ਜਾਣ। ਇਨ੍ਹਾਂ ਵਿਦਿਆਰਥੀਆਂ ਦੀ ਕੰਟੀਨਿਊਏਸ਼ਨ ਫੀਸ **110/-** ਰੁ: ਪ੍ਰਤੀ ਵਿਦਿਆਰਥੀ ਹੋਵੇਗੀ।
2. **ਆਨ ਲਾਈਨ ਫਾਰਮ ਨੰ: ਈ-2/ਟੀ-2 , (ਰਜਿਸਟਰੇਸ਼ਨ ਫੀਸ 1200/ ਰੁਪਏ ਪ੍ਰਤੀ ਵਿਦਿਆਰਥੀ ) ਦੂਜੇ ਰਾਜ ਦੇ ਬੋਰਡ ਤੋਂ ਮਾਈਗਰੇਟ ਹੋ ਕੇ ਆਏ ਵਿਦਿਆਰਥੀਆਂ ਦੇ ਵੇਰਵੇ ਈ-2 ਅਤੇ ਟੀ-2 ਵਿੱਚ ਭਰੇ ਜਾਣ ਅਤੇ ਇਨ੍ਹਾਂ ਵਿਦਿਆਰਥੀਆਂ ਦੇ ਮਾਈਗਰੇਸ਼ਨ ਸਰਟੀਫਿਕੇਟ ਅਸਲ (ਜਿਥੇ ਲਾਗੂ ਹੋਵੇ), ਸਕੂਲ ਛੱਡਣ ਦਾ ਸਰਟੀਫਿਕੇਟ ਅਤੇ ਦੱਸਵੀਂ / ਗਿਆਰ੍ਹਵੀਂ (XI) ਪਰੀਖਿਆ ਪਾਸ ਸਬੰਧੀ ਸਰਟੀਫਿਕੇਟ (ਨਤੀਜਾ ਕਾਰਡ ) ਦੀ ਸਬੰਧਤ ਸਕੂਲ ਮੁੱਖੀ ਵੱਲੋਂ ਫੋਟੋ ਸਟੈਟ ਤਸਦੀਕ ਸ਼ੁਦਾ ਕਾਪੀ ਅਤੇ ਦਾਖਲੇ ਲਈ ਵਿਦਿਆਰਥੀਆਂ ਨੂੰ ਬੋਰਡ ਵੱਲੋਂ ਜਾਰੀ ਸਮਾਨਤਾ ਪੱਤਰ ਯੋਗਤਾ ਚੈੱਕ ਕਰਨ ਲਈ ਆਨਲਾਈਨ ਭਰੀ ਗਈ ਰਿਟਰਨ ਫਾਰਮ ਦੀ ਫਾਈਨਲ ਕਾਪੀ ਦੇ ਪ੍ਰਿੰਟ ਆਊਟ ਦੇ ਨਾਲ ਨੱਥੀ ਕਰਕੇ ਭੇਜੇ ਜਾਣ**। ਹੇਠਲੀ ਪਰੀਖਿਆ ਸੀ.ਬੀ.ਐਸ.ਈ, ਆਈ.ਸੀ.ਐਸ.ਈ, ਹਰਿਆਣਾ, ਹਿਮਾਚਲ, ਜੰਮੂ ਕਸ਼ਮੀਰ ਅਤੇ ਰਾਜਸਥਾਨ ਬੋਰਡ ਤੋਂ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਛੱਡ ਕੇ ਬਾਕੀ ਰਾਜਾਂ ਦੇ ਬੋਰਡ ਵਾਲੇ ਵਿਦਿਆਰਥੀਆਂ ਦੇ ਕੇਸਾਂ ਵਿੱਚ ਬੋਰਡ ਦੀ ਅਕਾਦਮਿਕ ਸ਼ਾਖਾ ਤੋਂ ਸਮਾਨਤਾ ਪੱਤਰ ਪ੍ਰਾਪਤ ਕਰਕੇ ਰਜਿਸਟਰੇਸ਼ਨ ਸ਼ਾਖਾ ਨੂੰ ਭੇਜੇ ਜਾਣ। ਲੋੜ ਪੈਣ ਤੇ ਅਸਲ ਦਸਤਾਵੇਜ਼ ਵੀ ਮੰਗਵਾਏ ਜਾ ਸਕਦੇ ਹਨ। ਜਿਨ੍ਹਾਂ ਰਾਜਾਂ ਵਿੱਚ ਦਸਵੀਂ ਗਿਆਰ੍ਹਵੀਂ ਦੀ ਪਰੀਖਿਆ ਸਕੂਲ / ਕਾਲਜ ਪੱਧਰ ਤੇ ਲਈ ਜਾਂਦੀ ਹੈ, ਭਾਵ ਸਬੰਧਤ ਬੋਰਡ ਵੱਲੋਂ ਪਰੀਖਿਆ ਨਹੀਂ ਲਈ ਜਾਂਦੀ, ਉਨ੍ਹਾਂ ਵਿਦਿਆਰਥੀਆਂ ਦੇ ਅਸਲ ਸਕੂਲ ਲੀਵਿੰਗ ਸਰਟੀਫਿਕੇਟ /ਟਰਾਂਸਫਰ ਸਰਟੀਫਿਕੇਟ ਸਬੰਧਤ ਜਿਲ੍ਹਾ ਸਿੱਖਿਆ ਅਫਸਰ/ ਸੀ.ਬੀ.ਐਸ.ਈ,ਆਈ.ਸੀ.ਐਸ.ਈ ਦੇ ਸਮਰੱਥ ਅਧਿਕਾਰੀ ਤੋਂ ਕਾਊਂਟਰ ਸਾਈਨ ਹੋਣੇ ਚਾਹੀਦੇ ਹਨ ਤਦ ਹੀ ਅਜਿਹੇ ਵਿਦਿਆਰਥੀਆਂ ਨੂੰ ਗਿਆਰ੍ਹਵੀਂ (XI)/ਬਾਰ੍ਹਵੀਂ (XII) ਸ਼੍ਰੇਣੀ ਵਿੱਚ ਦਾਖਲ ਕੀਤਾ ਜਾਵੇ। ਦੂਜੇ ਰਾਜ/ਬੋਰਡ ਤੋਂ ਆਉਣ ਵਾਲੇ ਵਿਦਿਆਰਥੀਆਂ ਦੀ ਇੰਟਰ ਬੋਰਡ ਮਾਈਗ੍ਰੇਸ਼ਨ ਫੀਸ **1000/-ਰੁ:** ਹੋਵੇਗੀ।
3. ਬਾਰ੍ਹਵੀਂ (XII) ਸ਼੍ਰੇਣੀ ਵਿੱਚ ਉਹ ਵਿਦਿਆਰਥੀ ਹੀ ਦਾਖਲ ਕੀਤਾ ਜਾਵੇ ਜਿਸ ਨੇ ਗਿਆਰ੍ਹਵੀਂ ਸ਼੍ਰੇਣੀ ਸਰਕਾਰੀ, ਏਡਿਡ/ਐਫੀਲਿਏਟਿਡ ਅਤੇ ਐਸੋਸੀਏਟਿਡ ਸਕੂਲ ਤੋਂ ਪਾਸ ਕੀਤੀ ਹੋਵੇ।
4. ਯੋਗਤਾ ਸਬੰਧੀ ਜ਼ਿੰਮੇਵਾਰੀ ਨਿਰੋਲ ਸਕੂਲ ਮੁੱਖੀ ਦੀ ਹੈ। ਇਸ ਲਈ ਸਮਾਨਤਾ ਸੂਚੀ ਨੂੰ ਮੁੱਖ ਰੱਖ ਕੇ ਵਿਦਿਆਰਥੀਆਂ ਦੇ ਦਾਖਲੇ ਪ੍ਰਵਾਨ ਕੀਤੇ ਜਾਣ। ਇਸ ਮਕਸਦ ਲਈ ਇੱਕ ਦਾਖਲਾ ਪੜਤਾਲ ਕਮੇਟੀ ਬਣਾਈ ਜਾਵੇ ਜੋ ਪੂਰਵ ਘੋਖ ਕਰਕੇ ਯੋਗਤਾ ਚੈੱਕ ਕਰੇ ਤਾਂ ਜੋ ਕੋਈ ਅਯੋਗ ਵਿਦਿਆਰਥੀ ਦਾਖਲ ਨਾ ਹੋ ਸਕੇ। ਅਯੋਗ ਵਿਦਿਆਰਥੀ ਦਾ ਦਾਖਲਾ ਸਬੰਧਤ ਸਕੂਲ/ਬੋਰਡ ਲਈ ਗੰਭੀਰ ਔਕੜਾਂ ਪੈਦਾ ਕਰ ਸਕਦਾ ਹੈ। ਬਾਅਦ ਵਿਚ ਅਜਿਹੇ ਕੇਸ ਸਭਨਾਂ ਲਈ ਕਾਨੂੰਨੀ ਮਸਲੇ ਖੜੇ ਕਰ ਦਿੰਦੇ ਹਨ।
5. ਦਾਖਲਾ ਅਕਾਦਮਿਕ ਸ਼ਾਖਾ ਵਲੋਂ ਜਾਰੀ ਕੀਤੇ ਦਾਖਲਾ ਮਿਤੀਆਂ ਦੇ ਸ਼ਡਿਊਲ ਅਨੁਸਾਰ ਹੀ ਕੀਤਾ ਜਾਵੇ।
6. ਬੋਰਡ ਵਲੋਂ ਜਾਰੀ ਦਾਖਲਾ ਸ਼ਡਿਊਲ ਦੀਆਂ ਮਿਤੀਆਂ ਖਤਮ ਹੋਣ ਉਪਰੰਤ ਦੂਜੇ ਰਾਜ/ਬੋਰਡ ਤੋਂ ਪੜਦੇ ਆ ਰਹੇ ਵਿਦਿਆਰਥੀ ਕਿਸੇ ਵੀ ਸੂਰਤ ਵਿੱਚ ਗਿਆਰਵੀਂ/ਬਾਰ੍ਹਵੀਂ ਸ਼੍ਰੇਣੀ ਵਿੱਚ ਬੋਰਡ ਤੋਂ ਲੇਟ ਦਾਖਲਾ/ਇੰਟਰ ਬੋਰਡ ਮਾਈਗਰੇਸ਼ਨ ਫਾਰਮ ਤੇ ਰਜਿਸਟਰੇਸ਼ਨ ਸ਼ਾਖਾ ਵੱਲੋਂ ਪੂਰਵ ਪ੍ਰਵਾਨਗੀ ਲਏ ਬਿਨ੍ਹਾਂ ਦਾਖਲ ਨਾ ਕੀਤੇ ਜਾਣ। ਇੰਟਰ ਬੋਰਡ ਮਾਈਗਰੇਸ਼ਨ ਫੀਸ **1000/-** ਰੁਪਏ ਪ੍ਰਤੀ ਵਿਦਿਆਰਥੀ ਹੋਵੇਗੀ ।
7. ਦੂਜੇ ਰਾਜ/ਬੋਰਡ/ਸਮੂਹ ਨੈਸ਼ਨਲ ਓਪਨ ਸਕੂਲ ਜਿਸ ਦੀ ਮੈਟ੍ਰਿਕ (X) ਪਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਮੈਟ੍ਰਿਕ (X) ਪਰੀਖਿਆ ਦੇ ਬਰਾਬਰ ਮੰਨੀ ਜਾਂਦੀ ਹੋਵੇ, ਦੇ ਕੰਪਾਰਟਮੈਂਟ/ਰੀ-ਅਪੀਅਰ ਵਿਦਿਆਰਥੀ ਰਾਜ ਦੇ ਸਰਕਾਰੀ/ਏਡਿਡ/ ਐਫਿਲੀਏਟਿਡ/ਐਸੋਸੀਏਟਿਡ ਸਕੂਲਾਂ ਵਿਚ ਗਿਆਰਵੀਂ(XI) ਸ਼੍ਰੇਣੀ ਵਿਚ ਰੈਗੂਲਰ ਵਿਦਿਆਰਥੀ ਵਜੋਂ ਦਾਖਲੇ ਲਈ ਯੋਗ ਹਨ, ਬਸ਼ਰਤੇ ਕਿ ਉਹ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵਰਤਮਾਨ ਵਿਨਿਯਮਾਂ ਵਿਚ ਦਰਜ਼ ਉਪਬੰਧ ਵਾਂਗ ਮੈਟ੍ਰਿਕ ਪਰੀਖਿਆ ਪਹਿਲੇ ਦੋ ਮੌਕਿਆਂ ਵਿਚ ਪਾਸ ਕਰ ਲੈਂਦੇ ਹਨ। ਜੇਕਰ ਵਿਦਿਆਰਥੀ ਤੀਜੇ ਚਾਂਸ ਵਿੱਚ ਦਸਵੀਂ ਕਰਦਾ ਹੈ ਤਾਂ ਉਸ ਦੀ ਪਾਸ ਕੀਤੀ ਗਿਆਰ੍ਹਵੀਂ (XI) ਸ਼੍ਰੇਣੀ ਚਾਲੂ ਸੈਸ਼ਨ(2013-14) ਦੌਰਾਨ ਮੰਨਣ ਯੋਗ ਨਹੀਂ ਹੋਵੇਗੀ।
8. 
   (ੳ) ਜਿਹੜਾ ਵਿਦਿਆਰਥੀ ਕਿਸੇ ਹੋਰ ਸਕੂਲ ਵਿੱਚ ਪਹਿਲਾਂ ਦਾਖਲ ਹੋ ਚੁੱਕਾ ਹੈ ਅਤੇ ਉਹ ਸਕੂਲ ਬਦਲਣਾ ਚਾਹੁੰਦਾ ਹੈ, ਉਸ ਨੂੰ ਬੋਰਡ ਵੱਲੋਂ ਜਾਰੀ ਦਾਖਲਾ ਸ਼ਡਿਊਲ ਦੀਆਂ ਮਿਤੀਆਂ ਦੇ ਦਰਮਿਆਨ ਸਕੂਲ ਤੋਂ ਸਕੂਲ ਮਾਈਗਰੇਸ਼ਨ ਦੀ ਜਰੂਰਤ ਨਹੀਂ। ਦਾਖਲਾ ਮਿਤੀਆਂ ਲੰਘਣ ਤੋਂ ਬਾਅਦ ਆਪਣੀ ਸੰਸਥਾ ਵਿੱਚ ਬੋਰਡ ਵੱਲੋਂ ਜਾਰੀ ਮਾਈਗਰੇਸ਼ਨ ਸਰਟੀਫਿਕੇਟ ਪ੍ਰਾਪਤ ਕਰਨ ਤੋਂ ਬਿਨਾਂ ਕਿਸੇ ਵਿਦਿਆਰਥੀ ਨੂੰ ਦਾਖਲ ਨਾ ਕੀਤਾ ਜਾਵੇ। ਜਿਸ ਵਿਦਿਆਰਥੀ ਨੇ ਸਰਕਾਰੀ/ਏਡਿਡ/ਐਫੀਲੀਏਟਿਡ/ਐਸੋਸੀਏਟਿਡ ਸਕੂਲ (ਪੰਜਾਬ ਸਕੂਲ

ਸਿੱਖਿਆ ਬੋਰਡ) ਤੋਂ ਗਿਆਰਵੀਂ (XI) ਸ਼੍ਰੇਣੀ ਪਾਸ ਕੀਤੀ ਹੈ ਅਤੇ ਉਸ ਦੇ ਸਕੂਲ ਛੱਡਣ ਵਾਲੇ ਸਰਟੀਫਿਕੇਟ ਤੇ ਉਸ ਦਾ ਰਜਿਸਟਰੇਸ਼ਨ ਨੰ ਦਰਜ ਹੈ, ਉਹ ਕਿਸੇ ਵੀ ਸਕੂਲ ਵਿੱਚ ਬਾਰ੍ਹਵੀਂ ਸ਼੍ਰੇਣੀ ਵਿਚ ਦਾਖਲੇ ਲਈ ਯੋਗ ਹੈ।

(ਅ) ਗਿਆਰ੍ਹਵੀਂ (XI)/ਬਾਰ੍ਹਵੀਂ (XII) ਸ਼੍ਰੇਣੀ ਦੀ ਸਕੂਲ ਤੋਂ ਸਕੂਲ ਮਾਈਗਰੇਸ਼ਨ 31 ਦਸੰਬਰ ਤੱਕ 1000/- ਰੁ: ਫੀਸ ਨਾਲ ਕੀਤੀ ਜਾਵੇਗੀ। ਇਸ ਤੋਂ ਬਾਅਦ 1500/- ਰੁ: ਫੀਸ ਨਾਲ ਵਿਰਲੇ ਕੇਸਾਂ ਵਿੱਚ ਜਿਵੇਂ ਮਾਤਾ/ਪਿਤਾ/ਗਾਰਡੀਅਨ ਦੀ ਬਦਲੀ/ਅਚਾਨਕ ਮੌਤ ਹੋਣ ਦੀ ਸੂਰਤ ਵਿੱਚ ਮਾਈਗਰੇਸ਼ਨ ਮਾਨਯੋਗ ਚੇਅਰਪਰਸਨ ਜੀ ਵੱਲੋਂ ਆਗਿਆ ਦੇਣ ਉਪਰੰਤ ਹੀ ਕੀਤੀ ਜਾਵੇਗੀ। ਅਜਿਹਾ ਕਰਨ ਲਈ ਵਿਦਿਆਰਥੀ ਸਕੂਲ ਤੋਂ ਸਕੂਲ ਮਾਈਗਰੇਸ਼ਨ ਫਾਰਮ ਦੋਵੇਂ ਸਕੂਲ ਮੁਖੀਆਂ ਤੋਂ ਤਸਦੀਕ ਕਰਵਾਉਣਗੇ। ਬੋਰਡ ਵੱਲੋਂ ਸਕੂਲ ਤੋਂ ਸਕੂਲ ਮਾਈਗਰੇਸ਼ਨ ਸਰਟੀਫਿਕੇਟ ਜਾਰੀ ਹੋਣ ਉਪਰੰਤ ਹੀ ਪਹਿਲੇ ਸਕੂਲ ਵੱਲੋਂ ਸਕੂਲ ਛੱਡਣ ਦਾ ਟਰਾਂਸਫਰ ਸਰਟੀਫਿਕੇਟ ਜਾਰੀ ਕੀਤਾ ਜਾਵੇ।

9.

(ੳ) ਵਿਦਿਆਰਥੀਆਂ ਨੂੰ ਬੋਰਡ ਦੀ ਅਕਾਦਮਿਕ ਸ਼ਾਖਾ ਵੱਲੋਂ ਜਾਰੀ ਕੀਤੇ ਦਾਖਲਾ ਮਿਤੀਆਂ ਦੇ ਸ਼ਡਿਊਲ ਅਨੁਸਾਰ ਦਾਖਲ ਕੀਤਾ ਜਾਵੇ। ਦਾਖਲੇ ਦੀ ਮਿਥੀ ਮਿਤੀ ਤੋਂ ਪਿਛੋਂ ਕੋਈ ਵੀ ਵਿਦਿਆਰਥੀ ਆਪਣੇ ਪੱਧਰ ਤੇ ਸਕੂਲ ਵੱਲੋਂ ਦਾਖਲ ਨਾ ਕੀਤਾ ਜਾਵੇ।

(ਅ) ਦਾਖਲ ਕੀਤੇ ਵਿਦਿਆਰਥੀਆਂ ਦੀ ਰਜਿਸਟਰੇਸ਼ਨ/ਕੰਟੀਨਿਊਏਸ਼ਨ ਆਨ ਲਾਈਨ ਹੀ ਬੋਰਡ ਨੂੰ ਜਰੂਰ ਭੇਜੀ ਜਾਵੇ। ਅਜਿਹਾ ਨਾ ਕਰਨ ਦੀ ਹਾਲਤ ਵਿੱਚ ਸਾਰੀ ਜਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।

10. ਕਿਸੇ ਵੀ ਵਿਦਿਆਰਥੀ ਨੂੰ ਆਪਣੇ ਪੱਧਰ ਤੇ ਰਜਿ: ਨੰ ਨਾ ਲਗਾਇਆ ਜਾਵੇ।

11. ਸੀਨੀਅਰ ਸੈਕੰਡਰੀ ਸ਼੍ਰੇਣੀਆਂ ਦੇ ਵਿਦਿਆਰਥੀਆਂ ਨੂੰ ਬੋਰਡ ਵਲੋਂ ਪ੍ਰਵਾਨਿਤ ਗਰੁੱਪਾਂ ਅਨੁਸਾਰ ਹੀ ਦਾਖਲਾ ਦਿੱਤਾ ਜਾਵੇ। (ਜਿਥੇ ਲਾਗੂ ਹੋਵੇ)

12. **ਰਜਿਸਟਰੇਸ਼ਨ/ਕੰਟੀਨਿਊਏਸ਼ਨ ਰਿਟਰਨ ਫਾਰਮ ਆਨ ਲਾਈਨ ਭਰਨ ਤੋਂ ਬਾਅਦ ਫਾਈਨਲ ਕਾਪੀ ਦੇ ਪ੍ਰਿੰਟ ਆਊਟ ਅਤੇ/ਫੀਸ ਦੇ ਡਿਮਾਂਡ ਡਰਾਫਟ ਜਮ੍ਹਾਂ ਕਰਵਾਉਣ ਦੀਆਂ ਮਿਤੀਆਂ ਹੇਠ ਲਿਖੇ ਅਨੁਸਾਰ ਹਨ:-**

| **ਵੇਰਵਾ** | **ਆਨਲਾਈਨ ਭਰਨ ਦੀ ਆਖਰੀ ਮਿਤੀ** | **ਖੇਤਰੀ ਦਫਤਰ ਵਿੱਚ ਫਾਰਮ ਜਮ੍ਹਾਂ ਕਰਨ ਦੀ ਆਖਰੀ ਮਿਤੀ** |
|---|---|---|
| ਮੁੱਖ ਰਿਟਰਨ ਬਿਨਾਂ ਲੇਟ ਫੀਸ - ਫਾਰਮ ਅਨੁਸਾਰ ਬਣਦੀ ਫੀਸ | ਮਿਤੀ 07-08-2013 ਤੱਕ | ਮਿਤੀ 13.08.2013 ਤੱਕ |
| ਲੇਟ ਰਿਟਰਨ - ਫਾਰਮ ਅਨੁਸਾਰ ਬਣਦੀ ਫੀਸ + **100/-** ਰੁ. ਪ੍ਰਤੀ ਵਿਦਿਆਰਥੀ ਲੇਟ ਫੀਸ + **1000/-** ਰੁ. ਪ੍ਰਤੀ ਵਿਦਿਆਰਥੀ ਜੁਰਮਾਨਾ ਰਾਸ਼ੀ ਸਕੂਲ ਨੂੰ। | ਮਿਤੀ 21-08-2013 ਤੱਕ | ਮਿਤੀ 26.08.2013 ਤੱਕ |
| ਲੇਟ ਰਿਟਰਨ- ਫਾਰਮ ਅਨੁਸਾਰ ਬਣਦੀ ਫੀਸ + **100/-**ਰੁ. ਪ੍ਰਤੀ ਵਿਦਿਆਰਥੀ ਲੇਟ ਫੀਸ + **2000/-**ਰੁ. ਪ੍ਰਤੀ ਵਿਦਿਆਰਥੀ ਜੁਰਮਾਨਾ ਰਾਸ਼ੀ ਸਕੂਲ ਨੂੰ। | ਮਿਤੀ 30-08-2013 ਤੱਕ | ਮਿਤੀ 04.09.2013 ਤੱਕ |

ਮਿਥੀ ਮਿਤੀ ਤੋਂ ਬਾਅਦ ਰਜਿਸਟਰੇਸ਼ਨ/ਕੰਟੀਨਿਊਏਸ਼ਨ ਰਿਟਰਨ ਫਾਰਮ ਆਨ ਲਾਈਨ ਸਵੀਕਾਰ ਨਹੀਂ ਕੀਤੇ ਜਾਣਗੇ।

## ਆਨਲਾਈਨ ਫਾਰਮ ਭਰਨ ਸਬੰਧੀ ਹਦਾਇਤਾਂ :-

ਆਨਲਾਈਨ ਫਾਰਮ ਭਰਨ ਸਮੇਂ ਵੇਰਵੇ ਦਾਖਲਾ ਖਾਰਜ ਰਜਿਸਟਰ ਮੁਤਾਬਕ ਅਤੇ ਪੂਰੇ ਭਰਨੇ ਜ਼ਰੂਰੀ ਹਨ। Final Submit ਕਰਨ ਤੋਂ ਬਾਅਦ ਵੇਰਵਿਆ ਵਿੱਚ ਆਨਲਾਈਨ ਕਿਸੇ ਵੀ ਪ੍ਰਕਾਰ ਦੀ ਸੋਧ ਨਹੀਂ ਕੀਤੀ ਜਾ ਸਕੇਗੀ। ਜੇਕਰ ਇਸ ਉਪਰੰਤ ਵਿਦਿਆਰਥੀ ਦੇ ਵੇਰਵੇ ਭਰਨ ਸਮੇਂ ਸਕੂਲ ਵੱਲੋਂ ਕੋਈ ਗਲਤੀ ਹੁੰਦੀ ਹੈ, ਤਾਂ ਇਸ ਦੀ ਜਿੰਮੇਵਾਰੀ ਸਕੂਲ ਮੁੱਖੀ ਦੀ ਆਪਣੀ ਹੋਵੇਗੀ। ਪ੍ਰਿੰਟਿਡ ਕਾਪੀ ਵਿੱਚ ਹੱਥ ਨਾਲ ਕੀਤੀ ਗਈ ਸੋਧ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਸੋਧ ਕਰਵਾਉਣ ਲਈ ਪਹਿਲਾਂ ਚੱਲ ਰਹੀ ਪ੍ਰਥਾ ਅਨੁਸਾਰ ਰਜਿਸਟ੍ਰੇਸ਼ਨ ਸ਼ਾਖਾ, ਮੁੱਖ ਦਫਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਐੱਸ.ਏ.ਐੱਸ. ਨਗਰ ਨਾਲ ਸੰਪਰਕ ਕੀਤਾ ਜਾਵੇ।

**ਗਿਆਰਵੀਂ ਕਲਾਸ ਲਈ :-**

1. ਜਿਹੜੇ ਵਿਦਿਆਰਥੀ ਪਹਿਲਾਂ ਹੀ ਅੱਠਵੀਂ/ਦਸਵੀਂ ਦੌਰਾਨ ਬੋਰਡ ਵਿੱਚ ਰਜਿਸਟਰਡ ਹਨ, ਲਈ ਈ 1 (**E1**) ਫਾਰਮ ਭਰਿਆ ਜਾਵੇ। ਫਾਰਮ ਭਰਨ ਸਮੇਂ ਪਹਿਲਾਂ ਜਾਰੀ ਕੀਤਾ ਰਜਿਸਟ੍ਰੇਸਨ ਨੰ. ਭਰਿਆ ਜਾਵੇ। ਇਸ ਫਾਰਮ ਦੀ ਪ੍ਰਤੀ ਵਿਦਿਆਰਥੀ **110/-** ਰੁਪਏ ਕੰਟੀਨਿਊਏਸ਼ਨ ਫੀਸ ਹੈ।
2. ਜਿਹੜ੍ਹੇ ਵਿਦਿਆਰਥੀ ਕਿਸੇ ਹੋਰ ਰਾਜ/ਬੋਰਡ ਤੋਂ ਦਸਵੀਂ ਪ੍ਰੀਖਿਆ ਪਾਸ ਕਰਕੇ ਆਏ ਹਨ, ਲਈ ਈ 2 (**E2**) ਫਾਰਮ ਭਰਿਆ ਜਾਵੇ। ਆਨਲਾਈਨ ਫਾਰਮ ਭਰਨ ਸਮੇਂ ਦਸਵੀਂ ਕਿਸ ਬੋਰਡ ਤੋਂ ਕੀਤੀ ਹੈ, ਦਾ ਨਾਂ ਲਾਜ਼ਮੀ ਸਲੈਕਟ ਕੀਤਾ ਜਾਵੇ ਜੇਕਰ ਬੋਰਡ ਦਾ ਨਾਂ ਸੂਚੀ ਵਿੱਚ ਨਾ ਹੋਵੇ ਤਾ Other ਸਲੈਕਟ ਕੀਤਾ ਜਾਵੇ ਅਤੇ ਦਿੱਤੇ ਖਾਨੇ ਵਿੱਚ ਬੋਰਡ ਦਾ ਨਾਮ ਲਿਖਿਆ ਜਾਵੇ। ਇਸ ਫਾਰਮ ਦੀ ਪ੍ਰਤੀ ਵਿਦਿਆਰਥੀ **1200/-** ਰੁਪਏ ਫੀਸ ਹੈ। ਇਹਨਾਂ ਵਿਦਿਆਰਥੀਆਂ ਦਾ ਰਜਿਸਟਰੇਸ਼ਨ ਨੰਬਰ ਮੁੱਖ ਦਫਤਰ ਵਿਖੇ ਦਸਤਾਵੇਜ਼ ਵੈਰੀਫਾਈ ਕਰਨ ਉਪਰੰਤ ਹੀ ਜਾਰੀ ਕੀਤਾ ਜਾਵੇਗਾ ਅਤੇ ਆਨਲਾਈਨ ਅਪਡੇਟ ਕਰ ਦਿੱਤਾ ਜਾਵੇਗਾ।

**ਬਾਰਵੀਂ ਕਲਾਸ ਲਈ :-**

1. ਜਿਹੜੇ ਵਿਦਿਆਰਥੀ ਪਹਿਲਾਂ ਹੀ ਬੋਰਡ ਵਿੱਚ ਰਜਿਸਟਰਡ ਹਨ, ਲਈ ਟੀ 1 (**T1**) ਫਾਰਮ ਭਰਿਆ ਜਾਵੇ। ਇਸ ਫਾਰਮ ਵਿੱਚ ਪਿਛਲੇ ਸੈਸ਼ਨ ਦੌਰਾਨ ਨੌਵੀਂ ਵਿੱਚ ਰਜਿਸਟਰਡ ਵਿਦਿਆਰਥੀਆਂ ਦੇ ਡਾਟੇ ਵਿੱਚੋਂ ਵਿਦਿਆਰਥੀਆਂ ਨੂੰ Import ਕੀਤਾ ਜਾਵੇ ਅਤੇ ਵਿਦਿਆਰਥੀਆਂ ਵੱਲੋਂ ਲਏ ਵਿਸ਼ੇ ਭਰੇ ਜਾਣ। ਇਸ ਫਾਰਮ ਵਿੱਚ ਕਿਸੇ ਪ੍ਰਕਾਰ ਦੀ ਨਵੀਂ ਐਂਟਰੀ ਕੀਤੀ ਜਾ ਸਕੇਗੀ। ਇਸ ਫਾਰਮ ਦੀ ਕੋਈ ਫੀਸ ਨਹੀਂ ਹੈ।

2. ਜਿਹੜੇ ਵਿਦਿਆਰਥੀ ਕਿਸੇ ਹੋਰ ਰਾਜ/ਬੋਰਡ ਤੋਂ ਗਿਆਰਵੀਂ ਪ੍ਰੀਖਿਆ ਪਾਸ ਕਰਕੇ ਆਏ ਹਨ, ਲਈ ਟੀ 2 (**T2**) ਫਾਰਮ ਭਰਿਆ ਜਾਵੇ। ਆਨਲਾਈਨ ਫਾਰਮ ਭਰਨ ਸਮੇਂ ਗਿਆਰਵੀਂ ਕਿਸ ਬੋਰਡ ਤੋਂ ਕੀਤੀ ਹੈ, ਦਾ ਨਾਂ ਲਾਜ਼ਮੀ ਸਲੈਕਟ ਕੀਤਾ ਜਾਵੇ। ਜੇਕਰ ਬੋਰਡ ਦਾ ਨਾਂ ਸੂਚੀ ਵਿੱਚ ਨਾ ਹੋਵੇ ਤਾਂ Other ਸਲੈਕਟ ਕੀਤਾ ਜਾਵੇ ਅਤੇ ਦਿੱਤੇ ਖਾਨੇ ਵਿੱਚ ਬੋਰਡ ਦਾ ਨਾਮ ਲਿਖਿਆ ਜਾਵੇ। ਇਸ ਫਾਰਮ ਦੀ ਪ੍ਰਤੀ ਵਿਦਿਆਰਥੀ **1200/-** ਰੁਪਏ ਫੀਸ ਹੈ। ਇਹਨਾਂ ਵਿਦਿਆਰਥੀਆਂ ਦਾ ਰਜਿਸਟਰੇਸ਼ਨ ਨੰਬਰ ਮੁੱਖ ਦਫਤਰ ਵਿਖੇ ਦਸਤਾਵੇਜ਼ ਵੈਰੀਫਾਈ ਕਰਨ ਉਪਰੰਤ ਹੀ ਜਾਰੀ ਕੀਤਾ ਜਾਵੇਗਾ ਅਤੇ ਆਨਲਾਈਨ ਅਪਡੇਟ ਕਰ ਦਿੱਤਾ ਜਾਵੇਗਾ।

3. ਓਪਨ ਸਕੂਲ ਦੇ ਵਿਦਿਆਰਥੀਆਂ ਲਈ ਜੋ ਬੋਰਡ ਨਾਲ ਪਹਿਲਾਂ ਹੀ ਰਜਿਸਟਰਡ ਹਨ ਜਾਂ ਰਜਿਟਰਡ ਨਹੀਂ ਹੋਏ ਫਾਰਮ ਟੀ 3 (**T3**) ਭਰਿਆ ਜਾਵੇ। ਪਹਿਲਾਂ ਤੋਂ ਹੀ ਰਜਿਟਰਡ ਵਿਦਿਆਰਥੀਆਂ ਦਾ ਫਾਰਮ ਭਰਨ ਸਮੇਂ ਰਜਿ. ਨੰ. ਦੇ ਖਾਨੇ ਵਿੱਚ ਬੋਰਡ ਵੱਲੋਂ ਜਾਰੀ ਕੀਤਾ ਰਜਿਸਟ੍ਰੇਸਨ ਨੰ. ਭਰਿਆ ਜਾਵੇ ਅਤੇ ਜੋ ਪਹਿਲਾਂ ਰਜਿਸਟਰਡ ਨਹੀਂ ਹਨ, ਲਈ ਰਜਿ. ਨੰ ਵਾਲਾ ਖਾਨਾ ਖਾਲੀ ਛੱਡ ਦਿੱਤਾ ਜਾਵੇ। ਇਸਦੀ ਫੀਸ ਪਹਿਲਾਂ ਤੋਂ ਚੱਲ ਰਹੀ ਪ੍ਰਥਾ ਅਨੁਸਾਰ ਦਾਖਲਾ ਫਾਰਮਾਂ ਨਾਲ ਹੀ ਲਈ ਜਾਵੇਗੀ।

ਆਨਲਾਈਨ ਫਾਰਮ ਵਿੱਚ ਪ੍ਰੀਖਿਆਰਥੀਆਂ ਦੇ ਸਹੀ ਵੇਰਵੇ ਭਰਨ ਅਤੇ ਚੈੱਕ ਕਰਨ ਉਪਰੰਤ ਕੈਲਕੂਲੇਟ ਫੀਸ (**Calculate Fee**) ਤੇ ਕਲਿੱਕ ਕੀਤਾ ਜਾਵੇ, ਪ੍ਰੀਖਿਆਰਥੀਆਂ ਦੀ ਗਿਣਤੀ ਅਤੇ ਬਣਦੀ ਫੀਸ ਆਨਲਾਈਨ ਡਿਸਪਲੇ ਹੋਵੇਗੀ, ਇਸ ਨੂੰ ਪ੍ਰਿੰਟ ਕਰ ਲਿਆ ਜਾਵੇ ਅਤੇ ਇਸ ਅਨੁਸਾਰ ਬਣਦੀ ਫੀਸ ਦਾ ਡਰਾਫਟ [illegible] ਡਰਾਫਟ ਬਣਾਇਆ ਜਾਵੇ ਜੋ ਕਿ ਭੁਗਤਾਨਯੋਗ ਜਿਲ੍ਹਾ ਖੇਤਰੀ ਦਫਤਰ ਹੋਵੇ (Payable at the place of District Sub Office) ਅਤੇ ਡਰਾਫਟ ਤੋਂ ਬਿਨ੍ਹਾਂ ਰਸੀਦ ਜਾਂ ਕਿਸੇ ਹੋਰ ਤਰੀਕੇ ਨਾਲ ਭਰੀ ਫੀਸ ਸਵੀਕਾਰਨ ਯੋਗ ਨਹੀਂ ਹੋਵੇਗੀ ) ਬਣਵਾ ਲਿਆ ਜਾਵੇ (ਡਰਾਫਟ ਪੂਰੀ ਫੀਸ ਦਾ ਹੀ ਬਣਾਇਆ ਜਾਵੇ, ਘੱਟ ਜਾਂ ਜਿਆਦਾ ਫੀਸ ਸਵੀਕਾਰਨ ਯੋਗ ਨਹੀਂ ਹੋਵੇਗੀ)। ਡਰਾਫਟ ਬਣਵਾਉਣ ਉਪਰੰਤ ਆਖਰੀ ਮਿਤੀ (Registration / Continuation Fee Deposit Slip ਉੱਪਰ ਵੀ ਲਿਖੀ ਹੈ) ਤੋਂ ਪਹਿਲਾਂ-ਪਹਿਲਾਂ **Final Submission** ਤੇ ਕਲਿੱਕ ਕੀਤਾ ਜਾਵੇ ਅਤੇ ਡਰਾਫਟ ਦੇ ਵੇਰਵੇ ਐਂਟਰ ਕੀਤੇ ਜਾਣ। ਇਸ ਉਪਰੰਤ ਸਾਰੇ ਵਿਦਿਆਰਥੀਆਂ ਦੀ ਸੂਚੀ (ਦੋ ਪਰਤਾਂ ਵਿੱਚ) ਪ੍ਰਿੰਟ ਕਰ ਲਈ ਜਾਵੇ। ਇੱਕ ਕਾਪੀ ਸਕੂਲ ਦੇ ਰਿਕਾਰਡ ਹਿੱਤ ਰੱਖ ਲਈ ਜਾਵੇ ਅਤੇ ਦੂਸਰੀ ਕਾਪੀ (ਸਕੂਲ ਮੁੱਖੀ ਵੱਲੋਂ ਤਸਦੀਕ ਕਰਨ ਉਪਰੰਤ) ਦੇ ਨਾਲ ਅਸਲ ਡਰਾਫਟ ਅਤੇ ਲੋੜੀਂਦੇ ਜ਼ਰੂਰੀ ਦਸਤਾਵੇਜ ਨੱਥੀ ਕਰਕੇ ਬੋਰਡ ਦਫਤਰ ਦੇ ਸ਼ਡਿਊਲ (ਲੜੀ ਨੰ. 12) ਅਨੁਸਾਰ ਆਖਰੀ ਮਿਤੀ ਤੱਕ ਸਬੰਧਤ ਖੇਤਰੀ ਦਫਤਰ, ਪੰਜਾਬ ਸਕੂਲ ਸਿੱਖਿਆ ਬੋਰਡ ਵਿਖੇ ਜਮ੍ਹਾਂ ਕਰਵਾ ਦਿੱਤੀ ਜਾਵੇ। ਵੱਖਰੇ ਤੌਰ ਤੇ ਡਾਕ ਰਾਹੀਂ ਕੋਈ ਲਿਸਟਾਂ ਨਹੀਂ ਭੇਜੀਆ ਜਾਣਗੀਆਂ। ਕਿਸੇ ਵਿਦਿਆਰਥੀ ਦਾ ਰਜਿਸ਼ਟਰੇਸ਼ਨ ਨੰਬਰ ਸਮੇਂ ਸਿਰ ਨਾ ਅਲਾਟ ਹੋਣ ਦੀ ਸਮੁੱਚੀ ਜਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।

ਮੇਰੇ (ਸਕੂਲ ਮੁੱਖੀ) ਵੱਲੋਂ ਉਪਰੋਕਤ ਸਾਰੀਆਂ ਹਦਾਇਤਾਂ, ਸ਼ਡਿਊਲ, ਫੀਸ ਅਤੇ ਜੁਰਮਾਨਾ ਨੂੰ ਸ਼ਪਸਟ ਰੂਪ ਵਿੱਚ ਪੜ੍ਹ ਲਿਆ ਗਿਆ ਹੈ ਅਤੇ ਮੈਂ ਇਹਨਾਂ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ।
I (Principal/Head Master/Head Mistress) have read above all instructions/schedule and I agree with the same.

☑ ਮੈਂ ਸਹਿਮਤ ਹਾਂ (I Agree)

☐ ਮੈਂ ਸਹਿਮਤ ਨਹੀਂ ਹਾਂ (I do not Agree)